ਜਾਦੂ ਟੂਣੇ ਦੀ ਕਾਟ 1-604-961-6635
ਲੀਗਲ ਸੇਵਾਵਾਂ 905-913-2355
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

44 ਤੋਂ 25 ਫ਼ੀਸਦੀ 'ਤੇ ਡਿੱਗੀ Trump ਦੀ ਲੋਕਪ੍ਰਿਯਤਾ

ਵਾਸ਼ਿੰਗਟਨ: ਅਮਰੀਕਾ 'ਚ ਇੱਕ ਨਵੇਂ **AP-RNOC** ਸਰਵੇਖਣ ਤੋਂ ਪਤਾ ਚੱਲਦਾ ਹੈ ਕਿ ਇਸ ਸਾਲ ਦੀ ਸ਼ੁਰੂਆਤ ਤੋਂ ਹੀ ਹਿਸਪੈਨਿਕ ਬਾਲਗਾਂ 'ਚ ਰਾਸ਼ਟਰਪਤੀ ਡੌਨਲਡ ਟਰੰਪ ਦੀ ਪ੍ਰਸਿੱਧੀ 'ਚ

ਕਾਫ਼ੀ ਗਿਰਾਵਟ ਆਈ ਹੈ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਇਹ ਹਿੱਸਾ ਟਰੰਪ ਦੀ ਜਿੱਤ 'ਚ ਮੁੱਖ ਭੂਮਿਕਾ ਨਿਭਾ ਸਕਦਾ ਹੈ। ਅਕਤੂਬਰ 'ਚ ਕੀਤੇ ਗਏ ਇਸ ਸਰਵੇਖਣ ਦੇ ਨਤੀਜੇ ਹੈਰਾਨੀਜਨਕ ਹਨ। ਸਰਵੇਖਣ 'ਚ ਪਾਇਆ ਗਿਆ ਕਿ ਸਿਰਫ਼ 25 ਫ਼ੀਸਦੀ ਹਿਸਪੈਨਿਕ ਬਾਲਗਾਂ ਦਾ ਟਰੰਪ ਪ੍ਰਤੀ ਸਕਾਰਾਤਮਕ ਵਿਚਾਰ ਹੈ। ਇਹ ਅੰਕੜਾ ਰੀਪਬਲੀਕਨ ਨੇਤਾ ਦੇ ਦੂਜੇ ਕਾਰਜਕਾਲ ਤੋਂ ਠੀਕ ਪਹਿਲਾਂ ਕੀਤੇ ਗਏ ਪਿਛਲੇ ਸਰਵੇਖਣ ਨਾਲੋਂ ਕਾਫ਼ੀ ਘੱਟ ਹੈ ਜਦੋਂ ਇਹ ਗਿਣਤੀ 44 ਫ਼ੀਸਦੀ ਸੀ। ਇਸ ਤੋਂ ਇਲਾਵਾ ਹਿਸਪੈਨਿਕ ਬਾਲਗਾਂ ਦਾ ਪ੍ਰਤੀਸ਼ਤ, ਜੋ ਕਹਿੰਦੇ ਹਨ ਕਿ ਦੇਸ਼ ਗ਼ਲਤ ਦਿਸ਼ਾ ਵੱਲ ਜਾ ਰਿਹਾ ਹੈ, 'ਚ ਵੀ ਵਾਧਾ ਹੋਇਆ ਹੈ। ਇਹ ਮਾਰਚ 'ਚ 63 ਫ਼ੀਸਦੀ ਸੀ ਅਤੇ ਹੁਣ 73 ਫ਼ੀਸਦੀ ਹੋ ਗਿਆ ਹੈ।

ਇਹ ਤਬਦੀਲੀ ਭਵਿੱਖ ਦੀਆਂ ਚੋਣਾਂ 'ਚ ਰੀਪਬਲੀਕਨ ਪਾਰਟੀ ਲਈ ਚੁਣੌਤੀਆਂ ਪੈਦਾ ਕਰ ਸਕਦੀ ਹੈ। ਇੱਕ ਨਵਾਂ ਸਰਵੇਖਣ ਦਰਸਾਉਂਦਾ ਹੈ ਕਿ ਟਰੰਪ ਦੇ ਆਰਥਿਕ ਪੁਨਰ ਸੁਰਜੀਤੀ ਦੇ ਵਾਅਦਿਆਂ ਦੇ ਬਾਵਜੂਦ ਹਿਸਪੈਨਿਕ ਬਾਲਗ ਅਜੇ ਵੀ ਕੁੱਲ ਅਮਰੀਕੀਆਂ ਨਾਲੋਂ ਵੱਧ ਵਿੱਤੀ ਤਨਾਅ ਦਾ ਸਾਹਮਣਾ ਕਰ ਰਹੇ ਹਨ। ਏ. ਪੀ. ਵੋਟਕਾਸਟ ਅਨੁਸਾਰ ਹਿਸਪੈਨਿਕ ਵੋਟਰ ਕੁੱਲ ਵੋਟਰਾਂ ਦਾ 10 ਫ਼ੀਸਦੀ ਬਣਨਗੇ।

ਕੈਲੇਫ਼ੋਰਨੀਆ ਦੇ ਇੱਕ 30 ਸਾਲਾ ਵੇਅਰਹਾਊਸ ਵਰਕਰ ਅਲੇਜੈਂਡਰੋ ਓਚੋਆ ਨੇ ਇਹ ਨਿਰਾਸ਼ਾ ਜ਼ਾਹਿਰ ਕੀਤੀ। ਓਚੋਆ ਆਪਣੇ ਆਪ ਨੂੰ ਇੱਕ ਰੀਪਬਲੀਕਨ ਮੰਨਦਾ ਹੈ ਅਤੇ ਪਿਛਲੇ ਸਾਲ ਟਰੰਪ ਨੂੰ ਵੋਟ ਦਿੱਤੀ ਸੀ, ਪਰ ਹੁਣ ਰਾਸ਼ਟਰਪਤੀ ਤੋਂ ਨਾਖ਼ੁਸ਼ ਹੈ। ਓਚੋਆ ਨੇ ਕਿਹਾ, "ਮੈਂ ਮੂਲ ਰੂਪ 'ਚ ਪੁਰਾਣੀਆਂ ਯਾਦਾਂ 'ਤੇ ਭਰੋਸਾ ਕਰ ਰਿਹਾ ਸੀ। ਕੋਵਿਡ ਤੋਂ ਪਹਿਲਾਂ ਯਾਦ ਹੈ ਚੀਜ਼ਾਂ ਇੰਨੀਆਂ ਮਹਿੰਗੀਆਂ ਨਹੀਂ ਸਨ, ਪਰ ਹੁਣ ਇਹ ਇਸ ਤਰ੍ਹਾਂ ਹੈ। ਖ਼ੈਰ, ਤੁਸੀਂ ਅਹੁਦੇ 'ਤੇ ਹੋ। ਮੈਂ ਅਜੇ ਵੀ ਗਰੌਸਰੀ ਦੀ ਦੁਕਾਨ 'ਚ ਫ਼ਸਿਆ ਹੋਇਆ ਹਾਂ। ਮੈਂ ਅਜੇ ਵੀ ਬਹੁਤ ਜ਼ਿਆਦਾ ਪੈਸੇ ਖ਼ਰਚ ਕਰ ਰਿਹਾ ਹਾਂ ... ਗਰੌਸਰੀ ਬਿੱਲ ਅਜੇ ਵੀ ਬਹੁਤ ਮਹਿੰਗਾ ਹੈ।

ਸਤੀਸ਼ ਸ਼ਾਹ ਦੀ ਮੌਤ ਦੀ ਅਸਲ ਵਜ੍ਹਾ

ਮੁੰਬਈ: ਮਸ਼ਹੂਰ ਅਦਾਕਾਰ ਸਤੀਸ਼ ਸ਼ਾਹ ਦੇ ਅਚਾਨਕ ਦਿਹਾਂਤ ਤੋਂ ਬਾਅਦ ਉਨ੍ਹਾਂ ਦੀ ਮੌਤ ਦੇ ਕਾਰਨ ਨੂੰ ਲੈ ਕੇ ਚੱਲ ਰਹੀਆਂ ਗ਼ਲਤ ਖ਼ਬਰਾਂ 'ਤੇ ਉਨ੍ਹਾਂ ਦੇ ਸਹਿ-ਅਦਾਕਾਰ ਨੇ ਖ਼ੁਲਾਸਾ ਕਰਦਿਆਂ ਸੱਚਾਈ ਸਪੱਸ਼ਟ ਕੀਤੀ ਹੈ। ਕਈ ਨਿਊਜ਼ ਰਿਪੋਰਟਾਂ 'ਚ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ ਸਤੀਸ਼ ਸ਼ਾਹ ਦਾ ਦਿਹਾਂਤ ਉਨ੍ਹਾਂ ਨੂੰ ਹੋਈ ਕਿਡਨੀ ਦੀ ਸਮੱਸਿਆ ਕਾਰਨ ਹੋਇਆ ਸੀ ਹਾਲਾਂਕਿ ਹੁਣ ਉਨ੍ਹਾਂ ਦੇ ਨਾਲ **TV** ਸੀਰੀਅਲ ਸਾਰਾਭਾਈ ਵਰਸਿਜ਼ ਸਾਰਾਭਾਈ 'ਚ ਉਨ੍ਹਾਂ ਦੇ ਬੇਟੇ ਦਾ ਕਿਰਦਾਰ ਨਿਭਾਅ ਚੁੱਕੇ ਅਦਾਕਾਰ ਰਾਜੇਸ਼ ਕੁਮਾਰ ਨੇ ਇਸ ਦਾ ਖੰਡਨ ਕੀਤਾ ਹੈ।

ਰਾਜੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਤੀਸ਼ ਸ਼ਾਹ ਦੀ ਮੌਤ ਕਿਡਨੀ ਦੀ ਸਮੱਸਿਆ



ਕਾਰਨ ਨਹੀਂ ਹੋਈ। ਉਨ੍ਹਾਂ ਦੀ ਜਾਨ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਗਈ। ਰਾਜੇਸ਼ ਕੁਮਾਰ ਨੇ ਸਪੱਸ਼ਟ ਕੀਤਾ ਕਿ ਅਦਾਕਾਰ ਨੂੰ ਕਿਡਨੀ ਦੀ ਦਿੱਕਤ ਜ਼ਰੂਰ ਸੀ, ਪਰ ਉਨ੍ਹਾਂ ਦਾ ਕਿਡਨੀ ਟ੍ਰਾਂਸਪਲਾਂਟ ਸਫ਼ਲ ਰਿਹਾ ਸੀ। ਉਨ੍ਹਾਂ ਮੁਤਾਬਿਕ ਕਿਡਨੀ ਦੀ ਸਮੱਸਿਆ ਠੀਕ ਹੋ ਗਈ ਸੀ ਅਤੇ ਕੰਟਰੋਲ 'ਚ ਸੀ। ਉਨ੍ਹਾਂ ਨੇ ਦੱਸਿਆ ਕਿ ਸਤੀਸ਼ ਸ਼ਾਹ ਆਪਣੇ ਘਰ 'ਚ ਸਨ ਅਤੇ ਦੁਪਹਿਰ ਦਾ ਖਾਣਾ (ਲੰਚ) ਕਰ ਰਹੇ ਸਨ ਜਦੋਂ ਉਨ੍ਹਾਂ ਦਾ ਦਿਹਾਂਤ ਹੋ ਗਿਆ। ਸਤੀਸ਼ ਸ਼ਾਹ ਦੇ ਦਿਹਾਂਤ ਦੀ ਖ਼ਬਰ 25 ਅਕਤੂਬਰ ਨੂੰ ਆਈ ਸੀ ਹਾਲਾਂਕਿ ਇਸ ਮਾਮਲੇ 'ਤੇ ਉਨ੍ਹਾਂ ਦੇ ਪਰਿਵਾਰ ਵਲੋਂ ਹੁਣ ਤਕ ਕੋਈ ਅਧਿਕਾਰਿਕ ਬਿਆਨ ਜਾਰੀ ਨਹੀਂ ਕੀਤਾ ਗਿਆ। ਇੱਥੇ ਦੱਸਣਯੋਗ ਹੈ ਕਿ ਸਤੀਸ਼ ਸ਼ਾਹ ਦੇ ਬੱਚੇ ਨਹੀਂ ਸਨ, ਅਤੇ ਉਨ੍ਹਾਂ ਦੀ ਪਤਨੀ ਮਧੂ ਐਲਜ਼ਾਈਮਰ ਦੀ ਬੀਮਾਰੀ ਤੋਂ ਪੀੜਤ ਹੈ।

ਜਸ਼ਨਪ੍ਰੀਤ ਦੇ ਪਰਿਵਾਰ ਨੇ ਡਰੱਗਜ਼ ਦੇ ਦੋਸ਼ਾਂ ਨੂੰ ਨਕਾਰਿਆ

ਗੁਰਦਾਸਪੁਰ: ਅਮਰੀਕਾ ਦੇ ਕੈਲੇਫ਼ੋਰਨੀਆ ਸੂਬੇ 'ਚ ਇੱਕ ਭਿਆਨਕ ਸੜਕ ਹਾਦਸੇ 'ਚ ਸ਼ਾਮਿਲ ਪੰਜਾਬੀ ਟਰੱਕ ਡਰਾਇਵਰ ਜਸ਼ਨਪ੍ਰੀਤ ਸਿੰਘ (21) ਦੇ ਪਰਿਵਾਰ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦਾ ਪੁੱਤਰ ਕਿਸੇ ਵੀ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਦਾ।\

ਇਸ ਦੇ ਨਾਲ ਹੀ ਪਰਿਵਾਰ ਨੇ ਆਪਣੇ ਪੁੱਤਰ ਨੂੰ ਕਾਨੂੰਨੀ ਸੰਕਟ 'ਚੋਂ ਕੱਢਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (**SGPC**) ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਇਹ ਦਰਦਨਾਕ ਹਾਦਸਾ ਕੈਲੇਫ਼ੋਰਨੀਆ 'ਚ ਵਾਪਰਿਆ ਸੀ ਜਿੱਥੇ ਇੱਕ ਟਰੱਕ ਨੇ ਅੱਠ ਵਾਹਨਾਂ ਦੀ ਟੱਕਰ ਮਾਰ ਦਿੱਤੀ ਸੀ, ਅਤੇ ਨਤੀਜੇ ਵਜੋਂ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਲੋਕ ਜ਼ਖ਼ਮੀ ਹੋ ਗਏ ਸਨ।

ਪੁੱਤਰ ਧਾਰਮਿਕ, ਨਸ਼ਿਆਂ ਤੋਂ ਦੂਰ: ਮੂਲ ਰੂਪ 'ਚ ਗੁਰਦਾਸਪੁਰ ਨੇੜੇ ਪੁਰਾਣਾਸ਼ਾਲਾ ਕਸਬੇ ਦੇ ਰਹਿਣ ਵਾਲੇ ਜਸ਼ਨਪ੍ਰੀਤ ਨੂੰ ਪੁਲੀਸ ਨੇ ਗ੍ਰੌਸ ਵਹੀਕੂਲਰ ਮੈਨਸਲੌਟਰ, ਡਰਾਈਵਿੰਗ ਦੌਰਾਨ ਡਰੱਗਜ਼ ਦੀ ਵਰਤੋਂ ਕਰਨ ਅਤੇ ਸ਼ਰੀਰਕ ਸੱਟ ਪਹੁੰਚਾਉਣ 'ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਹੈ।

ਜਸ਼ਨਪ੍ਰੀਤ ਦੇ ਪਿਤਾ ਰਵਿੰਦਰ ਸਿੰਘ, ਜੋ ਕਿ ਇੱਕ ਸਕੂਲ ਬੱਸ ਚਲਾਉਂਦੇ ਹਨ, ਅਤੇ ਮਾਤਾ ਜਸਵੀਰ ਕੌਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਪੁੱਤਰ ਇੱਕ ਅੰਮ੍ਰਿਤਧਾਰੀ ਸਿੱਖ ਹੈ ਅਤੇ ਨਿਯਮਿਤ ਤੌਰ 'ਤੇ ਨਗਰ ਕੀਰਤਨਾਂ 'ਚ ਹਿੱਸਾ ਲੈਂਦਾ ਸੀ। ਰਵਿੰਦਰ ਸਿੰਘ ਨੇ ਟੌਕਸੀਕੌਲੋਜੀ ਰਿਪੋਰਟ ਦੇ ਦਾਅਵਿਆਂ ਨੂੰ ਵੀ ਰੱਦ ਕਰਦਿਆਂ ਕਿਹਾ, "ਸਭ ਤੋਂ ਪਹਿਲਾਂ ਇਹ ਨਸ਼ੇ ਦਾ ਮੁੱਦਾ ਇੱਕ ਵਾਰ ਅਤੇ ਹਮੇਸ਼ਾ ਲਈ ਹੱਲ ਹੋ ਜਾਣਾ ਚਾਹੀਦਾ ਹੈ। ਇਹ ਸਾਨੂੰ ਬਹੁਤ ਦੁਖੀ ਕਰ ਰਿਹਾ ਹੈ। ਇਸ ਦੇ ਨਾਲ ਹੀ ਅਸੀਂ ਪੀੜਤ ਪਰਿਵਾਰਾਂ ਨਾਲ ਆਪਣੀ ਸੰਵੇਦਨਾ ਪ੍ਰਗਟ ਕਰਦੇ ਹਾਂ।"

ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੇ ਜਸ਼ਨਪ੍ਰੀਤ ਨੂੰ ਵਿਦੇਸ਼ ਭੇਜਣ ਲਈ ਇੱਕ ਟਰੈਵਲ ਏਜੰਟ ਨੂੰ 40 ਲੱਖ ਰੁਪਏ ਦਿੱਤੇ ਸਨ, ਅਤੇ ਆਪਣੇ ਪੁੱਤਰ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਆਪਣੇ ਘਰ ਨੂੰ ਗਿਰਵੀ ਰੱਖਿਆ ਸੀ। ਮਾਤਾ ਜਸਵੀਰ ਕੌਰ ਨੇ ਭਾਵੁਕ ਹੁੰਦਿਆਂ ਕਿਹਾ, "ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ **SGPC** ਨੂੰ ਅਪੀਲ ਕਰਦੀ ਹਾਂ ਕਿ ਉਹ ਕੈਲੇਫ਼ੋਰਨੀਆ 'ਚ ਭਾਰਤੀ ਕੌਂਸਲੇਟ ਜਨਰਲ ਨਾਲ ਗੱਲ ਕਰਨ। ਜਸ਼ਨਪ੍ਰੀਤ ਇੱਕ ਅੰਮ੍ਰਿਤਧਾਰੀ ਸਿੱਖ ਸੀ ਅਤੇ ਸਾਨੂੰ ਉਮੀਦ ਹੈ ਕਿ ਸੰਕਟ ਦੀ ਇਸ ਘੜੀ 'ਚ **SGPC** ਸਾਡੀ ਮਦਦ ਲਈ ਅੱਗੇ ਆਵੇਗੀ।"

ਜ਼ਿਕਰਯੋਗ ਹੈ ਕਿ ਜਸ਼ਨਪ੍ਰੀਤ ਨਵੰਬਰ 2022 'ਚ ਅਮਰੀਕਾ ਦੀ ਦੱਖਣੀ ਸਰਹੱਦ ਪਾਰ ਕਰ ਕੇ ਪਹੁੰਚਿਆ ਸੀ, ਅਤੇ ਉਸ ਨੂੰ ਡੀਪੋਰਟੇਸ਼ਨ ਦੀ ਸੁਣਵਾਈ ਲੰਬਿਤ ਹੋਣ ਤਕ ਰਿਹਾਅ ਕਰ ਦਿੱਤਾ ਗਿਆ ਸੀ।

ਪੰਥਕ ਰੀਤੀ-ਰਿਵਾਜਾਂ ਨਾਲ ਜਥੇਦਾਰ ਗੜਗੱਜ ਦੀ ਮੁੜ ਹੋਈ ਦਸਤਾਰਬੰਦੀ

ਸ੍ਰੀ ਆਨੰਦਪੁਰ ਸਾਹਿਬ: ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਯੋਜਿਤ ਵਿਸ਼ੇਸ਼ ਸਨਮਾਨ ਸਮਾਰੋਹ 'ਚ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਜਾਣ ਤੋਂ ਬਾਅਦ ਪੈਦਾ ਹੋਇਆ ਵਿਵਾਦ ਸਮਾਪਤ ਹੋ ਗਿਆ ਹੈ। ਪੰਥਕ ਰੀਤੀ-ਰਿਵਾਜਾਂ ਦੇ ਆਧਾਰ 'ਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਇੱਕ ਵਾਰ ਫ਼ਿਰ ਤੋਂ ਦਸਤਾਰਬੰਦੀ ਕੀਤੀ ਗਈ ਹੈ। ਸਿੱਖ ਜਥੇਬੰਦੀਆਂ ਵਲੋਂ ਲਗਭਗ ਅੱਠ ਮਹੀਨਿਆਂ ਤੋਂ ਚੱਲ ਰਿਹਾ ਇਹ ਵਿਵਾਦ ਖ਼ਤਮ ਹੋ ਗਿਆ। ਇਸ ਸਮਾਰੋਹ ਦੌਰਾਨ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਗੜੀ ਪਹਿਨਾਈ। ਵਿਸ਼ੇਸ਼ ਸਨਮਾਨ ਸਮਾਰੋਹ 'ਚ ਸਿੱਖ ਅਤੇ ਨਿਹੰਗ ਜਥੇਬੰਦੀਆਂ ਮੌਜੂਦ ਸਨ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮੌਕੇ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਇਕਜੁਟ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਚੱਲਣ ਦੀ ਗੱਲ ਕਹੀ। ਉਨ੍ਹਾਂ ਨੇ ਪੰਜਾਬ 'ਚ ਹੋ ਰਹੇ ਧਰਮ ਪਰਿਵਰਤਨ 'ਤੇ ਚਿੰਤਾ ਪ੍ਰਗਟਾਈ। ਇਸ ਤੋਂ ਇਲਾਵਾ ਉਨ੍ਹਾਂ ਨੇ ਮੋਗਾ 'ਚ ਪਤੀ-ਪਤਨੀ ਵਲੋਂ ਨਸ਼ਿਆਂ ਲਈ ਆਪਣੀ ਹੀ ਔਲਾਦ ਨੂੰ ਵੇਚਣ ਦੀ ਘਟਨਾ 'ਤੇ ਵੀ ਦੁੱਖ ਜ਼ਾਹਿਰ ਕੀਤਾ।

ਖ਼ਬਰਾਂ ਮੁਤਾਬਿਕ **SGPC** ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘੂਬੀਰ ਸਿੰਘ ਦੋਵਾਂ ਨੇ ਸਿਆਸੀ ਦਬਾਅ ਹੇਠ ਗੜਗੱਜ ਦੀ ਨਿਯੁਕਤੀ ਨੂੰ ਸਵੀਕਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 10 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਪੰਥ ਅਤੇ ਸੰਗਤ ਦੀ ਹਾਜ਼ਰੀ ਤੋਂ ਬਿਨਾਂ ਹੀ ਜਥੇਦਾਰ ਗੜਗੱਜ ਦੀ ਦਸਤਾਰਬੰਦੀ ਕਰ ਦਿੱਤੀ ਸੀ ਜਿਸ ਕਾਰਨ ਕਈ ਪੰਥਕ ਜਥੇਬੰਦੀਆਂ ਅਤੇ ਸੰਪਰਦਾਏ ਨਾਰਾਜ਼ ਸਨ। ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 10 ਮਾਰਚ ਦੀ ਅੱਧੀ ਰਾਤ ਨੂੰ ਗੁਪਤ ਢੰਗ ਨਾਲ ਗੜਗੱਜ ਨੂੰ ਜਥੇਦਾਰ ਨਿਯੁਕਤ ਕੀਤਾ ਸੀ ਤਾਂ ਜੋ ਉਹ ਪੰਥ 'ਚ ਆਪਣੀ ਕਮਜ਼ੋਰ ਹੋ ਰਹੀ ਪਕੜ ਨੂੰ ਦੋਬਾਰਾ ਮਜ਼ਬੂਤ ਕਰ ਸਕਣ, ਪਰ ਜਦੋਂ ਇਸ ਦਾ ਵਿਰੋਧ ਹੋਇਆ ਤਾਂ ਸੁਖਬੀਰ ਬਾਦਲ ਨੇ ਨਿੱਜੀ ਤੌਰ 'ਤੇ ਦਖਲ ਦਿੱਤਾ, ਪ੍ਰਮੁੱਖ ਸਿੱਖ ਸੰਗਠਨਾਂ ਅਤੇ ਸੰਪਰਦਾਵਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਗੜਗੱਜ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ। ਇਸ ਲਈ ਤਾਜਪੋਸ਼ੀ ਸਮਾਰੋਹ ਦੁਬਾਰਾ ਆਯੋਜਿਤ ਕੀਤਾ ਗਿਆ।

ਮਾਹਿਰਾਂ ਦਾ ਕਹਿਣਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਚ ਸ਼ਾਮਿਲ ਹੋਣ ਤੋਂ ਬਾਅਦ ਪੰਥਕ ਹਲਕਿਆਂ 'ਚ ਅਕਾਲੀ ਦਲ ਬਾਦਲ ਪ੍ਰਤੀ ਅਸੰਤੋਸ਼ ਵੱਧ ਗਿਆ ਹੈ। ਇਸ ਕਾਰਨ ਸੁਖਬੀਰ ਬਾਦਲ ਹੁਣ ਸਿੱਖ ਜਥੇਬੰਦੀਆਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। **ਇਤਿਹਾਸ 'ਚ ਪਹਿਲੀ ਹੋਈ ਕਿਸੇ ਜਥੇਦਾਰ ਦੀ ਮੁੜ ਹੋਈ ਦਸਤਾਰਬੰਦੀ:** ਇਹ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ ਜਦੋਂ **SGPC** ਵਲੋਂ ਨਿਯੁਕਤ ਕਿਸੇ ਜਥੇਦਾਰ ਦੀ ਬਾਰ-ਬਾਰ ਤਾਜਪੋਸ਼ੀ ਕੀਤੀ ਜਾ ਰਹੀ ਹੈ ਅਤੇ ਸੰਗਤ ਤੋਂ ਉਨ੍ਹਾਂ ਨੂੰ ਜਥੇਦਾਰ ਮੰਨਣ ਲਈ ਕਿਹਾ ਜਾ ਰਿਹਾ ਹੈ। ਪੰਥਕ ਹਲਕਿਆਂ 'ਚ ਇਸ ਨੂੰ ਸਿੱਖ ਪ੍ਰੰਪਰਾਵਾਂ ਲਈ ਸ਼ਰਮਨਾਕ ਸਥਿਤੀ ਦੱਸਿਆ ਜਾ ਰਿਹਾ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਰਾਜਨੀਤੀ **SGPC** ਉੱਤੇ ਹਾਵੀ ਹੁੰਦੀ ਜਾ ਰਹੀ ਹੈ ਜਿਸ ਕਾਰਨ ਇਹ ਸਾਰਾ ਘਟਨਾਕ੍ਰਮ ਸਾਹਮਣੇ ਆ ਰਿਹਾ ਹੈ।

ਜਾਦੂ ਟੂਣੇ ਦੀ ਕਾਟ 1-604-961-6635
ਦੰਦਾਂ ਦੀ ਦੇਖਭਾਲ 905-450-5600

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
Sher Atta $14.99 20LB 905-678-0300
12 Beds, 7 Baths For 24 Guests 905-965-4644
100% Vegetarian Restaurant 10% Off 905-565-0036
Lunch Buffet $13 905-565-0036
Buy 1 2nd Free 905-565-0036
ਵਕੀਲ ਦੀ ਲੋੜ ? 905-362-0755
ਸਸਤੀਆਂ ਹਵਾਈ ਟਿਕਟਾਂ 905-595-1700